# ਮੌਜੂਦਾ ਅਤੇ ਯੋਜਨਾਬੱਧ ਉਪਾਅ
# ਨਸਲੀ ਬਰਾਬਰਤਾ ਨੂੰ ਉਤਸਾਹਤ ਕਰਨ ਦੇ

## ਲੀਗਲ ਏਡ ਡਿਪਾਰਟਮੈਂਟ ਦੁਆਰਾ

ਹਾਂਗਕਾਂਗ ਵਿੱਚ, ਹਰ ਕਿਸੇ ਨੂੰ ਕਾਨੂੰਨੀ ਸਹਾਇਤਾ ਦਾ ਹੱਕ ਹੈ ਚਾਹੇ ਉਹ ਕਿਸੇ ਵੀ ਨਸਲ ਜਾਂ ਵਸਨੀਕਤਾ ਦਾ ਹੋਵੇ,ਬਸ਼ਰਤੇ ਉਹ ਸਾਧਨਾਂ ਅਤੇ ਯੋਗਤਾਵਾਂ ਦੇ ਟੈਸਟਾਂ ਦੀ ਪੂਰਤੀ ਕਰੇ।

ਲੀਗਲ ਏਡ ਡਿਪਾਰਟਮੈਂਟ (LAD) ਨੇ ਨਿਮਨਲਿਖਤ ਉਪਾਅ ਕੀਤੇ ਹਨ / ਯੋਜਨਾਬੱਧ ਕੀਤੇ ਹਨ ਉਹਨਾਂ ਬਿਨੇਕਾਰਾਂ/ਸਹਾਇਤਾਬੱਧ ਵਿਅਕਤੀਆਂ ਦੀ ਸਹਾਇਤਾ ਕਰਨ ਲਈ ਜੋ ਵਿਭਿੰਨ ਨਸਲਾਂ ਦੇ ਹਨ, ਉਹਨਾਂ ਨੂੰ ਕਨੂੰਨੀ ਸਹਾਇਤਾ ਦੀ ਅਦਾਇਗੀ ਕਰਦੇ ਸਮੇਂ:

### A. ਕਾਨੂੰਨੀ ਸਹਾਇਤਾ ਸੇਵਾਵਾਂ ਬਾਰੇ ਪਰਚੇ

ਮਜੂਦਾ ਉਪਾਅ

- LAD ਨੇ ਕਾਨੂੰਨੀ ਸਹਾਇਤਾ ਬਾਰੇ ਕਿਤਾਬਚਿਆਂ ਦੀ ਇੱਕ ਲੜੀ ਪ੍ਰਕਾਸ਼ਿਤ ਕੀਤੀ ਹੈ 10 ਭਾਸ਼ਾਵਾਂ ਵਿੱਚ ਜਿਸ ਵਿੱਚ ਬੰਗਾਲੀ, ਹਿੰਦੀ, ਇੰਡੋਨੇਸ਼ਿਅਨ, ਨੇਪਾਲੀ, ਤਗਾਲੋਗ,ਪੰਜਾਬੀ,ਤਮਿਲ, ਥਾਈ,ਉਰਦੂ ਅਤੇ ਵਿਅਤਨਾਮੀ ਸ਼ਾਮਲ ਹਨ।

- ਇਹ ਕਿਤਾਬਚੇ ਅਤੇ ਹੋਰ ਕਿਤਾਬਚੇ LAD ਦੇ ਦਫਤਰਾਂ ਵਿੱਚ ਉਪਲਬਧ ਹਨ ਜਾਂ ਇਹਨਾਂ ਨੂੰ LAD ਦੀ ਵੇਬਸਾਇਟ ਤੋਂ ਡਾਉਨਲੋਡ ਕੀਤਾ ਜਾ ਸਕਦਾ ਹੈ।

- ਇਹ ਸਬੰਧਿਤ ਕੌਂਸਲੇਟ ਦਫਤਰਾਂ, ਨਿਆਂਪਾਲਿਕਾ ਦੇ ਸਰੋਤ ਕੇਂਦਰ ਫਾਰ ਗੈਰ-ਨੁਮਾਇੰਦਗੀ ਵਾਲੇ ਮੁਕੱਦਮੇਬਾਜ਼ਾਂ ਲਈ ਨਿਆਂ ਪਾਲਿਕਾ ਦੇ ਸਰੋਤ ਕੇਂਦਰ, ਸਿਵਲ ਪ੍ਰਕਿਰਿਆਵਾਂ 'ਤੇ ਗੈਰ-ਨੁਮਾਇੰਦਗੀ ਵਾਲੇ ਮੁਕੱਦਮੇਬਾਜ਼ਾਂ ਲਈ ਲੀਗਲ ਅਡਵਾਇਸ ਸਕੀਮ ਦੇ ਦਫਤਰ (ਪ੍ਰਕਿਰਿਆਤਮਕ ਸਲਾਹ ਸਕੀਮ) ਪੁਲਿਸ ਸਟੇਸ਼ਨਾਂ, ਗ੍ਰਹਿ ਮਾਮਲਿਆਂ ਦੇ ਜਨਤਕ ਪੁੱਛਗਿੱਛ ਸੇਵਾ ਕੇਂਦਰਾਂ, ਲੇਬਰ ਵਿਭਾਗ ਦਿਆਂ ਇਮਾਰਤਾਂ ਵਿੱਚ, ਕੋਰੇਕਸ਼ਨਲ ਸੇਵਾਵਾਂ ਦੇ ਵਿਭਾਗ, ਸਮਾਜਿਕ ਸੇਵਾਵਾਂ ਵਿਭਾਗ ਅਤੇ ਜਨਤਕ ਹਸਪਤਾਲਾਂ ਵਿਖੇ ਵੀ ਉਪਲਬਧ ਹਨ।

- ਕਾਨੂੰਨੀ ਸਹਾਇਤਾ ਸੇਵਾਵਾਂ ਦੀ ਗੁਣਵੱਤਾ ਨੂੰ ਵਧਾਉਣ ਲਈ ਇੱਕ ਗਾਹਕ ਸੇਵਾ ਵਜੋਂ,ਵੱਖ ਵੱਖ ਨਸਲਾਂ ਦੇ ਸੰਭਾਵੀ ਬਿਨੇਕਾਰਾਂ ਲਈ, ਉਪੱਰ ਦੱਸੀਆਂ 10 ਭਾਸ਼ਾਵਾਂ ਵਿੱਚ ਇੱਕ ਪੋਸਟਰ ਡਿਜ਼ਾਇਨ ਕੀਤਾ ਗਿਆ ਹੈ ਅਤੇ ਪ੍ਰਦਰਸ਼ਿਤ ਕੀਤਾ ਗਿਆ ਹੈ ਜੋ ਕਿ ਸੰਭਾਵਿਤ ਬਿਨੇਕਾਰ ਜੋ ਕਿ ਅੰਗਰੇਜ਼ੀ ਜਾਂ ਚੀਨੀ ਨਹੀਂ ਬੋਲਦੇ ਉਹਨਾਂ ਦੀ ਐਪਲੀਕੇਸ਼ਨ ਪ੍ਰਕਿਰਿਆ ਵਿੱਚ ਮਦਦ ਕਰਨ ਲਈ ਮੁਫਤ ਵਿਆਖਿਆ ਸੇਵਾ ਦੀ ਉਪਲਬਧਤਾ ਬਾਰੇ ਜਾਗਰੂਕ ਕੀਤਾ ਜਾ ਸਕੇ।

- ਵਿਭਿੰਨ ਨਸਲਾਂ ਦੇ ਲੋਕ ਪੋਸਟਰ ਦਾ ਹਵਾਲਾ ਲੈ ਸਕਦੇ ਹਨ ਜਾਂ ਜਾਣਕਾਰੀ ਲਈ LAD ਦੀ ਵੇਬਸਾਇਟ ਤੋਂ ਸੇਵਾਵਾਂ ਬਾਰੇ ਕਿਤਾਬਚੇ ਡਾਉਨਲੋਡ ਕਰ ਸਕਦੇ ਹਨ।

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਨ | • ਕਾਨੂੰਨੀ ਸਹਾਇਤਾ ਬਿਨੇਕਾਰ ਜੋ ਵਖੱਰੀ ਵਖੱਰੀ ਨਸਲਾਂ ਦੇ ਹਨ ਤੋਂ ਫੀਡਬੈਕ ਇਕੱਤਰ ਕੀਤਾ ਜਾਵੇਗਾ ਅਤੇ ਵਿਚਾਰਿਆ ਜਾਵੇਗਾ, ਸੇਵਾਵਾਂ ਦੇ ਨਿਰੰਤਰ ਸੁਧਾਰ ਲਈ । <br><br> • ਜਦੋਂ ਵੱਖ-ਵੱਖ ਨਸਲਾਂ ਦੇ ਵਿਅਕਤਿਆਂ ਨੂੰ ਅਦਾਲਤੀ ਕਾਰਵਾਈਆਂ ਨੂੰ ਸ਼ੁਰੂਕਰਨ ਲਈ ਕਨੂੰਨੀ ਸਹਾਇਤਾ ਦਿੱਤੀ ਜਾਂਦੀ ਹੈ ਤਾਕਿ LAD ਮੁਕੱਦਮੇਂ ਦੇ ਖਰਚੇ,ਵਿਆਖਿਆ ਅਤੇ ਅਨੁਵਾਦ ਵਜੋਂ ਅਗਾਊ ਭੁਗਤਾਨ ਕਰੇ ਜੋ ਕੇਸ ਦੇ ਉਚਿਤ ਸੰਚਾਲਨ ਲਈ ਨਿਯਤ ਵਕੀਲਾਂ ਦੁਆਰਾ ਵਾਜਬ ਤੌਰ ਤੇ ਖਰਚੇ ਗਏ ਹਨ। |

**B. ਵਿਆਖਿਆ ਸੇਵਾ ਕਨੂੰਨੀ ਸਹਾਇਤਾ ਦੀ ਅਰਜ਼ੀ ਲਈ**

| | |
|---|---|
| ਮਜੂਦਾ ਉਪਾਅ | • ਕਾਨੂੰਨੀ ਸਹਾਇਤਾ ਹਰ ਉਸ ਵਿਅਕਤੀ ਲਈ ਉਪਲਬਧ ਹੈ ਜੋ ਸਾਧਨ ਅਤੇ ਯੋਗਤਾ ਦੇ ਟੈਸਟਾਂ ਨੂੰ ਪਾਸ ਕਰਦਾ ਹੈ ਚਾਹੇ ਉਸਦੀ ਨਸਲ ਜਾਂ ਵਸਨੀਕਤਾ ਜੋ ਵੀ ਹੋਵੇ। <br><br> • LAD ਉਹਨਾਂ ਬਿਨੇਕਾਰਾਂ ਲਈ ਮੁਫਤ ਵਿਆਖਿਆ ਸੇਵਾ ਦਾ ਪ੍ਰਬੰਧ ਕਰੇਗਾ ਜੋ ਅੰਗਰੇਜ਼ੀ ਜਾਂ ਚੀਨੀ ਨਹੀਂ ਬੋਲਦੇ ਹਨ ਤਾਕਿ ਉਹਨਾਂ ਦੀ ਐਪਲੀਕੇਸ਼ਨ ਪ੍ਰਕਿਰਿਆ ਵਿੱਚ ਮਦਦ ਕੀਤੀ ਜਾ ਸਕੇ। <br><br> • ਬਿਨੇਕਾਰ ਜੋ ਸਾਧਨ ਅਤੇ ਯੋਗਤਾ ਦੇ ਟੈਸਟਾਂ ਨੂੰ ਪਾਸ ਨਹੀਂ ਕਰਦੇ ਹਨ, ਉਹਨਾਂ ਨੂੰ ਹਾਈ ਕੋਰਟ ਦੇ ਰਜਿਸਟਰਾਰ ਕੋਲ ਅਪੀਲ ਕਰਨ ਦਾ ਅਧਿਕਾਰ ਹੁੰਦਾ ਹੈ। LAD ਬਿਨੇਕਾਰਾ / ਅਪੀਲ ਕਰਤਾਵਾਂ ਨੂੰ ਅਪੀਲ ਦਾ ਨੋਟਿਸ ਦਾਇਰ ਕਰਨ, ਅਪੀਲ ਦੀ ਤਾਰੀਖ ਤੈਅ ਕਰਨ ਅਤੇ ਉਹਨਾਂ ਬਿਨੇਕਾਰਾਂ/ ਅਪੀਲ ਕਰਤਾਵਾਂ ਲਈ ਜੋ ਅੰਗਰੇਜ਼ੀ ਜਾਂ ਚੀਨੀ ਨਹੀਂ ਬੋਲਦੇ ਹਨ ਅਪੀਲ ਸੁਣਵਾਈ ਦੇ ਮੌਕੇ ਤੇ ਇੱਕ ਦੋਭਾਸ਼ਿਏ ਦੀ ਮੁਫਤ ਸੇਵਾ ਵਾਸਤੇ ਨਿਆਂਪਾਲਿਕਾ ਨੂੰ ਸੂਚਿਤ ਕਰਨ ਵਿੱਚ ਮਦਦ ਕਰੇਗਾ। <br><br> • ਉਪੱਰ ਦੱਸੀਆਂ 10 ਭਾਸ਼ਾਵਾਂ ਵਿੱਚ ਇੱਕ ਪੋਸਟਰ ਡਿਜ਼ਾਇਨ ਕੀਤਾ ਗਿਆ ਹੈ ਅਤੇ ਪ੍ਰਦਰਸ਼ਿਤ ਕੀਤਾ ਗਿਆ ਹੈ ਤਾਕਿ ਜੋ ਬਿਨੇਕਾਰ ਅੰਗਰੇਜ਼ੀ ਜਾਂ ਚੀਨੀ ਨਹੀਂ ਬੋਲਦੇ ਉਹਨਾਂ ਦੀ ਐਪਲੀਕੇਸ਼ਨ ਪ੍ਰਕਿਰਿਆ ਵਿੱਚ ਮਦਦ ਕਰਨ ਲਈ ਮੁਫਤ ਵਿਆਖਿਆ ਸੇਵਾ ਦੀ ਉਪਲਬਧਤਾ ਬਾਰੇ ਸੂਚੇਤ ਕੀਤਾ ਜਾ ਸਕੇ। |
| ਭਵਿੱਖ ਦੇ ਕੰਮ ਦਾ ਮੁਲਾਂਕਨ | • ਕਾਨੂੰਨੀ ਸਹਾਇਤਾ ਬਿਨੇਕਾਰਾਂ ਤੋਂ ਫੀਡਬੈਕ ਇਕੱਤਰ ਕੀਤਾ ਜਾਵੇਗਾ ਅਤੇ ਸੇਵਾਵਾਂ ਦੇ ਨਿਰੰਤਰ ਸੁਧਾਰ ਲਈ ਵਿਚਾਰਿਆ ਜਾਵੇਗਾ। <br><br> • ਉਪੱਰ ਦੱਸੀਆਂ 10 ਭਾਸ਼ਾਵਾਂ ਵਿੱਚੋਂ 9 ਭਾਸ਼ਾਵਾਂ ਵਾਲਾ ਇੱਕ ਤੁਰੰਤ ਅਨੁਵਾਦ ਪ੍ਰੋਗਰਾਮ ਸਥਾਪਤ ਕੀਤਾ ਗਿਆ ਹੈ ਜਿਸ ਵਿੱਚ ਬਾਕੀ 1 ਭਾਸ਼ਾ ਨੂੰ ਫਰੰਟਲਾਈਨ ਦੇ ਵਰਕਸਟੇਸ਼ਨ ਵਿੱਚ ਸਥਾਪਤ ਕੀਤਾ ਜਾਣਾ ਹੈ ਤਾਕਿ ਵੱਖ ਵੱਖ ਨਸਲਾਂ ਦੇ ਬਿਨੇਕਾਰਾਂ ਨਾਲ ਸਿੱਧਾ ਸੰਚਾਰ ਕੀਤਾ ਜਾ ਸਕੇ। |

**C. ਵਿਆਖਿਆ ਸੇਵਾ ਕਨੂੰਨੀ ਸਹਾਇਤਾ ਪ੍ਰਾਪਤ ਕਾਰਵਾਈਆਂ ਲਈ**

| | |
|---|---|
| ਮਜੂਦਾ ਉਪਾਅ | • ਜਦੋਂ ਵੱਖ-ਵੱਖ ਨਸਲਾਂ ਦੇ ਵਿਅਕਤਿਆਂ ਨੂੰ ਅਦਾਲਤੀ ਕਾਰਵਾਈਆਂ ਨੂੰ ਸ਼ੁਰੂਕਰਨ ਲਈ ਕਨੂੰਨੀ ਸਹਾਇਤਾ ਦਿੱਤੀ ਜਾਂਦੀ ਹੈ ਤਾਕਿ LAD ਮੁਕੱਦਮੇਂ ਦੇ ਖਰਚੇ,ਵਿਆਖਿਆ ਅਤੇ ਅਨੁਵਾਦ ਦੇ ਖਰਚੇ ਵਜੋਂ ਅਗਾਊ ਭੁਗਤਾਨ ਕਰੇ ਜੋ ਕੇਸ ਦੇ ਉਚਿਤ ਸੰਚਾਲਨ ਲਈ ਨਿਯਤ ਵਕੀਲਾਂ ਦੁਆਰਾ ਵਾਜਬ ਤੌਰ ਤੇ ਖਰਚੇ ਗਏ ਹਨ। |
| ਭਵਿੱਖ ਦੇ ਕੰਮ ਦਾ ਮੁਲਾਂਕਨ | • ਕਾਨੂੰਨੀ ਸਹਾਇਤਾ ਬਿਨੇਕਾਰ ਜੋ ਵਖੱਰੀ ਵਖੱਰੀ ਨਸਲਾਂ ਦੇ ਹਨ ਤੋਂ ਫੀਡਬੈਕ ਇਕੱਤਰ ਕੀਤਾ ਜਾਵੇਗਾ ਅਤੇ ਵਿਚਾਰਿਆ ਜਾਵੇਗਾ, ਸੇਵਾਵਾਂ ਦੇ ਨਿਰੰਤਰ ਸੁਧਾਰ ਲਈ । |

**D. LAD ਦੇ ਸਟਾਫ ਲਈ ਸਿਖਲਾਈ**

| | |
|---|---|
| ਮਜੂਦਾ ਉਪਾਅ | • ਲੈਡ ਅਮਲੇ ਦੀ ਸਮਝ ਅਤੇ ਜਾਗਰੁਕਤਾ ਵਿੱਚ ਨਸਲੀ ਭੇਦਭਾਵ ਸਮਾਨਤਾ ਦੇ ਬਾਰੇ ਵਾਧਾ ਕਰਨ ਲਈ ਨਸਲੀ ਭੇਦਭਾਵ ਆਰਡੀਨੈਂਸ (ਆਰ ਡੀ ਓ) ਅਤੇ ਪ੍ਰਸ਼ਾਸਕੀ ਸੇਧਾਂ ਨਸਲੀ ਸਮਾਨਤਾ ਲਈ, ਆਰ ਡੀ ਓ ਦੇ ਸਿਧਾਤਾਂ ਤੇ ਗੱਲਬਾਤ, ਸੇਧਾਂ ਅਤੇ ਕੇਸਾਂ ਨੂੰ ਸਾਂਝਾ ਕਰਨ ਦਾ ਬੰਦੋਬਸਤ ਅਤੇ ਅਦਾਇਗੀ ਈਕੁਅਲ ਔਪੋਰਚੂਨਿਟੀ ਕਮੀਸ਼ਨ ਦੁਆਰਾ ਕੀਤਾ ਗਿਆ ਸੀ।ਗੱਲਬਾਤ ਵਿੱਚ ਲੈਡ ਦੇ ਸਟਾਫ, ਪੇਸ਼ੇਵਰ ਅਧਿਕਾਰੀਆਂ, ਲਾਅ ਕਲਰਕਾਂ ਅਤੇ ਫਰੰਟਲਾਈਨ ਸਟਾਫ ਨੇ ਹਿੱਸਾ ਲਿਆ।<br><br>• ਸਟਾਫ ਦੇ ਹਵਾਲੇ ਲਈ ਸਿਖਲਾਈ ਸਮੱਗਰਿਆਂ ਨੂੰ ਲੈਡ ਦੇ ਪੋਰਟਲ ਤੇ ਅਪਲੋਡ ਕੀਤਾ ਗਿਆ ਸੀ। |
| ਭਵਿੱਖ ਦੇ ਕੰਮ ਦਾ ਮੁਲਾਂਕਨ | • ਲੈਡ ਸਟਾਫ ਮੈਂਬਰਾਂ ਲਈ ਸਿਖਲਾਈ ਕੋਰਸਾਂ ਦਾ ਪ੍ਰਬੰਧ ਕਰੇਗਾ, ਖਾਸ ਕਰਕੇ ਮੂਹਰਲੀ ਕਤਾਰ ਦੇ ਸਟਾਫ ਮੈਂਬਰਾਂ ਲਈ ਤਾਕਿ ਆਰ ਡੀ ਓ ਅਤੇ ਦਿਸ਼ਾ -ਨਿਰਦੇਸ਼ਾਂ ਦੀ ਉਨ੍ਹਾਂ ਦੀ ਸਮਝ ਨੂੰ ਸੁਵਿਧਾਜਨਕ ਬਣਾਇਆ ਜਾ ਸਕੇ ਤਾਕਿ ਉਨ੍ਹਾਂ ਦਿਆਂ ਸੱਭਿਆਚਾਰਕ ਅਤੇ ਭਾਸ਼ਾਈ ਸਮਰੱਥਾਵਾਂ ਵਿੱਚ ਵਾਧਾ ਕੀਤਾ ਜਾ ਸਕੇ।<br><br>• ਲੈਡ ਬਿਨੇਕਾਰਾਂ / ਸਹਾਇਤਾ ਪ੍ਰਾਪਤ ਵਿਅਕਤਿਆਂ ਤੋਂ ਫੀਡਬੈਕ ਅਤੇ ਸੁਝਾਵਾਂ ਨੂੰ ਇਕੱਤਰ ਕਰੇਗਾ ਅਤੇ ਸਟਾਫ ਲਈ ਢੁਕਵੇਂ ਸਿਖਲਾਈ ਕੋਰਸਾਂ ਦਾ ਪ੍ਰਬੰਧ ਕਰੇਗਾ।<br><br>• ਲੈਡ ਸਟਾਫ ਕੋਲੋਂ ਫੀਡਬੈਕ ਇਕੱਤਰ ਕਰੇਗਾ ਅਤੇ ਸੁਝਾਵਾਂ ਲਈ ਸੱਦਾ ਦੇਵੇਗਾ ਸਟਾਫ ਲਈ ਸਿਖਲਾਈ ਪ੍ਰਗਰਾਮਾਂ ਬਾਰੇ ਉਨ੍ਹਾਂ ਦੀ ਆਰ ਡੀ ਓ ਅਤੇ ਸੇਧਾਂ ਬਾਰੇ ਸਮਝ ਨੂੰ ਵਧਾਉਣ ਬਾਰੇ। |

## E. ਜਨਤਕ ਪੁੱਛਗਿਛਾਂ / ਸ਼ਿਕਾਇਤਾਂ

ਲੈਡ ਨੇ ਆਪਣਿਆਂ ਸੇਵਾਵਾਂ ਬਾਰੇ ਪੁੱਛਗਿੱਛਾਂ ਅਤੇ ਸ਼ਿਕਾਇਤਾਂ ਨਾਲ ਨਿਪਟਣ ਲਈ ਇੱਕ ਚੰਗੀ ਸਥਾਪਤ ਪ੍ਰਣਾਲੀ ਦੀ ਸਥਾਪਨਾਂ ਕੀਤੀ ਹੈ। ਕੋਈ ਵੀ ਵਿਅਕਤੀ ਜਿਸ ਵਿੱਚ ਕਨੂੰਨੀ ਸਹਾਇਤਾ ਬਿਨੇਕਾਰ, ਸਹਾਇਤਾ ਪ੍ਰਾਪਤ ਵਿਅਕਤੀ ਜਾਂ ਨਿਯੁਕਤ ਵਕੀਲ ਸ਼ਾਮਲ ਹਨ ਜੋ ਜਾਂਚ / ਸ਼ਿਕਾਇਤ ਕਰਨ ਦੀ ਇੱਛਾ ਕਰਦੇ ਹਨ,ਵਿਭਾਗ ਦੇ ਗਾਹਕ ਸੇਵਾ ਅਫਸਰਾਂ ਨਾਲ ਸੰਪਰਕ ਕਰ ਸਕਦੇ ਹਨ ਜਿੰਨ੍ਹਾਂ ਦੇ ਨਾਮ ਅਤੇ ਟੈਲੀਫੋਨ ਨੰਬਰ ਵਿਭਾਗ ਦੀ ਇਮਾਰਤ ਵਿੱਚ ਅਤੇ ਵਿਭਾਗ ਦੀ ਵੈਬਸਾਈਟ ਤੇ ਪ੍ਰਦਰਸ਼ਿਤ ਕੀਤੇ ਗਏ ਹਨ। ਇਸ ਤੋਂ ਇਲਾਵਾ, ਪੁੱਛਗਿੱਛ ਕਰਨ ਵਾਲੇ / ਸ਼ਿਕਾਇਤ ਕਰਤਾ ਅਧਿਕਾਰੀ ਨਾਲ ਫੋਨ / ਡਾਕ / ਫੈਕਸ / ਈਮੇਲ ਦੁਆਰਾ ਹੇਠ ਲਿਖੇ ਅਨੁਸਾਰ ਸੰਪਰਕ ਕਰ ਸਕਦੇ ਹਨ:-

ਡਾਕ ਰਾਹੀਂ: ਧਿਆਨ ਯੋਗ: ਮਿਸ ਕਿਮਬਰਲੀ ਯੂ
ਵਿਭਾਗੀ ਸ਼ਿਕਾਇਤਾਂ ਦੀ ਅਫਸਰ
ਲਿਗਲ ਏਡ ਡਿਪਾਰਟਮੈਂਟ
27/ਫ, ਕਵੀਨਜ਼ਵੇ ਗੌਰਮੈਂਟ ਦੇ ਦਫਤਰ
66 ਕਵੀਨਜ਼ਵੇ,
ਹਾਂਗ ਕਾਂਗ

ਟੈਲੀਫੋਨ ਦੁਆਰਾ: (852) 2867 3171

ਫੈਕਸ ਦੁਆਰਾ: (852) 2869 0525

ਈ ਮੇਲ ਦੁਆਰਾ: ladinfo@lad.gov.hk

ਵਿਭਿੰਨ ਨਸਲਾਂ ਦੇ ਲੋਕ ਜੋ ਅੰਗਰੇਜ਼ੀ ਜਾਂ ਚੀਨੀ ਨਹੀਂ ਬੋਲ ਸਕਦੇ, ਉਹ ਆਪਣੀ ਪੁੱਛਗਿੱਛ ਕਰਨ ਲਈ ਜਾਂ ਸ਼ਿਕਾਇਤ ਕਰਨ ਲਈ ਮੁਫਤ ਦੋਭਾਸ਼ਿਆ ਸੇਵਾਵਾਂ ਵਾਸਤੇ ਡਿਪਾਰਟਮੈਂਟ ਦੇ ਸ਼ਿਕਾਇਤ ਕਰਨ ਦੇ ਅਫਸਰ ਨਾਲ ਸੰਪਰਕ ਕਰ ਸਕਦੇ ਹਨ।

ਵਿਭਾਗ ਨੇ ਇੱਕ 'ਗਾਹਕ ਸੇਵਾ ਮਿਆਰ' ਕਿਤਾਬਚਾ ਵੀ ਪ੍ਰਕਾਸ਼ਿਤ ਕੀਤਾ ਹੈ ਜਿਸ ਵਿੱਚ ਕਨੂੰਨੀ ਸਹਾਇਤਾ ਦੇ ਵਰਤੋਂਕਾਰਾਂ ਨੂੰ ਦਿੱਤੀਆਂ ਜਾਂਦਿਆਂ ਸੇਵਾਵਾਂ ਦੇ ਸਬੰਧ ਵਿੱਚ ਪੁੱਛਗਿੱਛ ਕਰਨ / ਸ਼ਿਕਾਇਤ ਦਰਜ ਕਰਾਉਣ ਲਈ ਵਿਭਿੰਨ ਸਾਧਨਾਂ ਅਤੇ ਪ੍ਰਕਿਰਿਆਵਾਂ ਬਾਰੇ ਸੂਚਿਤ ਕੀਤਾ ਜਾਂਦਾ ਹੈ। ਇਹ ਕਿਤਾਬਚਾ ਜਨਤਾ ਨੂੰ ਵੰਡੇ ਜਾਣ ਵਾਸਤੇ ਉਪਲਬਧ ਹੈ ਅਤੇ ਇਸਨੂੰ ਵਿਭਾਗ ਦੇ ਵੈਬ ਪੰਨੇ ਤੇ ਅਪਲੋਡ ਕਰ ਦਿੱਤਾ ਗਿਆ ਹੈ।

ਨਸਲੀ ਬਰਾਬਰਤਾ ਨੂੰ ਉਤਸਾਹਤ ਕਰਨ ਦੇ ਬਾਰੇ ਮੌਜੂਦਾ ਅਤੇ ਯੋਜਨਾਬਧ ਉਪਾਵਾਂ ਨਾਲ ਸਬੰਧਿਤ ਪੁੱਛਗਿੱਛ ਵਾਸਤੇ, ਕਿਰਪਾ ਕਰਕੇ ਡਿਪਾਰਟਮੈਂਟ ਦੇ ਅਫਸਰ ਨਾਲ ਸੰਪਰਕ ਕਰੋ।

**ਲੀਗਲ ਏਡ ਡਿਪਾਰਟਮੈਂਟ**
**ਜੁਲਾਈ 2022**